(ਜਨਰਲ ਸਾਖਾ)

ਫੋਨ. 0172-2704878
ਫੈਕਸ. 0172-2702504
ਈ-ਮੇਲ: eo.dlgchd@gmail.com

ਨੰ:ਸ2-ਜਸ-ਡਸਸ-15/ 40958-973
ਮਿਤੀ: 23-09-15

ਸੇਵਾ ਵਿਖੇ

1. ਸਮੂਹ ਕਮਿਸਨਰ, ਨਗਰ ਨਿਗਮਾਂ ।
(ਪੰਜਾਬ ਰਾਜ ਵਿਚ)
2. ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਹਿਰੀ ਸਥਾਨਕ ਸੰਸਥਾਵਾਂ।
(ਪੰਜਾਬ ਰਾਜ ਵਿਚ)

ਵਿਸਾ:- ਬਿਨ੍ਹਾਂ ਲਾਈਸੰਸ ਤੋਂ ਤੰਬਾਕੂ ਤੇ ਤੰਬਾਕੂ ਯੁਕਤ ਪਦਾਰਥ ਵੇਚ ਰਹੇ ਤੰਬਾਕੂ ਵਿਕਰੇਤਾਵਾਂ ਵਿਰੁੱਧ ਕਾਰਵਾਈ ਕਰਨ ਸਬੰਧੀ ।

******

ਉਪਰੋਕਤ ਵਿਸੇ ਦੇ ਸਬੰਧ ਵਿੱਚ ।

1. ਆਪ ਦਾ ਧਿਆਨ ਤੰਬਾਕੂ ਕੰਟਰੋਲ ਐਕਟ 2003 ਅਤੇ ਪੰਜਾਬ ਤੰਬਾਕੂ ਵੈਂਡਜ ਫੀਸ ਐਕਟ 1953 ਵੱਲ ਦਿਵਾਇਆ ਜਾਂਦਾ ਹੈ ਜਿਸ ਅਧੀਨ ਤੰਬਾਕੂ ਪਦਾਰਥਾਂ ਦੀ ਵਿਕਰੀ ਲਈ ਲਾਈਸੰਸ ਜਾਰੀ ਕੀਤਾ ਜਾਂਦਾ ਹੈ । ਪ੍ਰੰਤੂ ਬੜੇ ਖੇਦ ਦੀ ਗੱਲ ਹੈ ਕਿ ਲਾਈਸੰਸ ਲਏ ਬਿਨਾਂ ਤੰਬਾਕੂ ਵਿਕਰੇਤਾਵਾਂ ਖੁੱਲ੍ਹੀ ਸਿਗਰਟ, ਫਲੈਵਰਡ/ਸੈਨਟਿਡ ਚਬਾਉਣ ਵਾਲੇ ਤੰਬਾਕੂ ਦੀ ਸ਼ਰੇਆਮ ਵਿਕਰੀ ਸਹਿਰਾਂ ਵਿੱਚ ਕਰ ਰਹੇ ਹਨ ।

2. ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਤੰਬਾਕੂ ਵੈਂਡਜ਼ ਫੀਸ ਐਕਟ 1953 ਅਤੇ ਤੰਬਾਕੂ ਕੰਟਰੋਲ ਐਕਟ 2003 ਦੀ ਰੋਸਨੀ ਵਿੱਚ ਬਿਨਾਂ ਲਾਈਸੰਸ ਦੇ ਤੰਬਾਕੂ ਅਤੇ ਤੰਬਾਕੂ ਪਦਾਰਥ ਵੇਚਣ ਵਾਲਿਆਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇ ਅਤੇ ਇਸ ਸਬੰਧੀ ਆਪਣੇ ਪੱਧਰ ਤੇ ਆਮ ਜਨਤਾ/ਦੁਕਾਨਦਾਰਾਂ ਨੂੰ ਜਾਗਰੂਕ ਕਰਨ ਲਈ ਅਖਬਾਰਾਂ ਰਾਹੀਂ ਵਿਗਿਆਪਨ ਕੱਢੇ ਜਾਣ ਅਤੇ ਪਬਲਿਕ ਨੋਟਿਸ ਜਾਰੀ ਕੀਤੇ ਜਾਣ। ਸਾਰੇ ਸਬੰਧਤਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਹ ਹਦਾਇਤਾਂ ਨੋਟ ਕਰਵਾਈਆਂ ਜਾਣ ।.

3. ਸਮੂਹ ਕਮਿਸਨਰ, ਨਗਰ ਨਿਗਮਾਂ ਅਤੇ ਸਮੂਹ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰਾਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਰੀਜਨ ਅਧੀਨ ਆਉਂਦੀਆਂ ਨਗਰ ਨਿਗਮਾਂ/ਨਗਰ ਕੌਸਲਾਂ/ਨਗਰ ਪੰਚਾਇਤਾਂ ਵਿੱਚ ਇਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਪਾਲਣਾ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ।

4. ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ 5-ਸਾਖਾ) ਦੀ ਨੋਟੀਫਿਕੇਸਨ ਨੰ:21/51/08-5 ਸਿਹਤ 5/565152/1 ਮਿਤੀ 17-8-2015 ਦੀ ਕਾਪੀ ਆਪ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ।

ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ।

ਪਿੱਠ ਅੰਕਣ ਨੰ:ਸ2-ਜਸ-ਡਸਸ-15/ 40974 ਮਿਤੀ: 23-09-15

ਇਸਦਾ ਇਕ ਉਤਾਰਾ ਸਟੇਟ ਪ੍ਰੋਗਰਾਮ ਅਫਸਰ, ਡਾਇਰੈਕਟੋਰੇਟ ਸਿਹਤ ਤੇ ਪਰਿਵਾਰ ਭਲਾਈ (ਤੰਬਾਕੂ ਕੰਟਰੋਲ ਸੈਲ) ਪੰਜਾਬ ਕਮਰਾ ਨੰ:223 ਪਹਿਲੀ ਮੰਜਿਲ ਸੈਕਟਰ 34-ਏ, ਚੰਡੀਗੜ੍ਹ ਨੂੰ ਉਨਾਂ ਦੇ ਪੱਤਰ ਨੰ:ਟੀ.ਸੀ.ਸੀ.ਸੈਲ/ਪੀ.ਬੀ./15/17693 ਮਿਤੀ 4-9-2015 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ।